# ਐਨ.ਜੀ.ਓ. ਅਜਿਹੇ ਸਮੂਹ ਨੂੰ ਕਹਿੰਦੇ ਹਨ ਜੋ ਪਾਕ ਅਤੇ ਸਾਫ ਦਿਲ ਲੈ ਕੇ, ਪੱਲਿਓਂ ਪੈਸਾ ਲਗਾ ਕੇ ਪਰਿਵਾਰ ਦੇ ਸਮੇਂ ਨੂੰ ਬਰਬਾਦ ਕਰਕੇ ਲੋਕਾਂ ਦਾ ਭਲਾ ਕਰਨ ਲਈ ਘਰੋਂ ਨਿਕਲਦੇ ਹਨ - ਲੂੰਬਾ

ਦੋਸਤੋ, ਅਸੀਂ ਵੀ ਪਿਛਲੇ 19 ਸਾਲ ਤੋਂ ਜ਼ਿਲ੍ਹਾ ਰੂਰਲ ਐਨ ਜੀ ਓ ਕਲੱਬਜ ਐਸੋਸੀਏਸ਼ਨ ਦੇ ਨਾਮ ਤੇ ਮੋਗਾ ਜ਼ਿਲ੍ਹੇ ਵਿੱਚ ਐਨ.ਜੀ.ਓ. ਚਲਾ ਰਹੇ ਹਾਂ, ਜੋ ਕਿ ਜ਼ਿਲ੍ਹੇ ਦੀਆਂ 170 ਦੇ ਕਰੀਬ ਪੇਂਡੂ ਕਲੱਬਾਂ ਦਾ ਸੰਗਠਨ ਹੈ, ਜਿਸ ਦੀ ਪੂਰੇ ਲੋਕਤੰਤਰਿਕ ਤਰੀਕੇ ਨਾਲ ਹਰ ਦੋ ਸਾਲ ਬਾਅਦ ਪਹਿਲਾਂ ਬਲਾਕਾਂ ਦੀ ਚੋਣ ਹੁੰਦੀ ਹੈ ਤੇ ਫਿਰ ਬਲਾਕਾਂ ਦੇ ਡੈਲੀਗੇਟ ਜ਼ਿਲ੍ਹਾ ਕਮੇਟੀ ਦੀ ਚੋਣ ਕਰਦੇ ਹਨ। ਪਹਿਲੇ ਅੱਠ ਸਾਲ ਡਾ. ਮਹਿੰਦਰ ਸਿੰਘ ਸੈਦੋਕੇ ਇਸ ਦੇ ਪ੍ਰਧਾਨ ਰਹੇ ਹਨ ਤੇ ਅੱਠ ਸਾਲ ਮੈਂ ਇਸਦੀ ਪ੍ਰਧਾਨਗੀ ਕੀਤੀ ਹੈ, ਦੋ ਸਾਲ ਗੋਕਲ ਚੰਦ ਬੁੱਘੀਪੁਰਾ ਇਸਦੇ ਪ੍ਰਧਾਨ ਰਹੇ ਹਨ ਤੇ ਹੁਣ ਫਰਵਰੀ 2020 ਤੋਂ ਦਵਿੰਦਰਜੀਤ ਸਿੰਘ ਗਿੱਲ ਇਸਦੇ ਪ੍ਰਧਾਨ ਹਨ। ਸਾਡੀ ਸੰਸਥਾ ਨੇ ਅੱਜ ਤੱਕ ਸਹਾਇਤਾ ਦੇ ਨਾਮ ਤੇ ਸਰਕਾਰ ਤੋਂ ਇੱਕ ਦਮੜੀ ਵੀ ਨਹੀਂ ਲਈ ਤੇ ਨਾ ਹੀ ਕਿਸੇ ਸਰਕਾਰੀ ਪ੍ਰੋਜੈਕਟ ਤੇ ਕੰਮ ਕਰਕੇ ਪੈਸਾ ਲੈਣ ਦੀ ਕੋਸ਼ਿਸ਼ ਕੀਤੀ ਹੈ। ਅੱਜ ਤੱਕ ਅਸੀਂ ਸਿਰਫ ਪੰਜ ਜਾਂ ਛੇ ਵਾਰ ਲੋੜਵੰਦਾਂ ਲਈ ਪੈਸੇ ਮੰਗੇ ਸਨ, ਜਿਸਦਾ ਪਾਈ ਪਾਈ ਦਾ ਹਿਸਾਬ ਦਾਨ ਕਰਨ ਵਾਲੇ ਸੱਜਣਾਂ ਨੂੰ ਦਿੰਦੇ ਰਹੇ ਹਾਂ। ਸਾਡੀ ਐਨ ਜੀ ਓ ਬਹੁਤ ਸਾਰੇ ਪ੍ਰੋਜੈਕਟਾਂ ਤੇ ਕੰਮ ਕਰ ਰਹੀ ਹੈ, ਜਿਸਦੇ ਫੰਡਾਂ ਦਾ ਪ੍ਰਬੰਧ ਸਾਡੇ ਮੈਂਬਰ ਖੁਦ ਕਰਦੇ ਹਨ।

ਅੱਜ ਤੱਕ ਸਾਡੀ ਸੰਸਥਾ 30 ਹਜ਼ਾਰ ਤੋਂ ਉਪਰ ਨੌਜਵਾਨ ਲੜਕੇ ਲੜਕੀਆਂ ਨੂੰ ਕਿੱਤਾ ਮੁਖੀ ਸਿਖਲਾਈ ਦੇ ਚੁੱਕੀ ਹੈ। 50 ਸੈਲਫ ਹੈਲਪ ਗਰੁੱਪ ਤੇ 44 ਕਿਸਾਨ ਕਲੱਬਾਂ ਦਾ ਗਠਨ ਕੀਤਾ ਹੈ। 50 ਹਜ਼ਾਰ ਦੇ ਕਰੀਬ ਯੂਨਿਟ ਖ਼ੂਨਦਾਨ ਕੀਤਾ ਹੈ ਤੇ ਇਸ ਖੇਤਰ ਵਿੱਚ ਦੋ ਵਾਰ ਸਟੇਟ ਐਵਾਰਡ ਹਾਸਲ ਕੀਤਾ ਹੈ। 62 ਅਪਾਹਜ ਵਿਅਕਤੀਆਂ ਨੂੰ ਟ੍ਰਾਈਸਾਈਕਲ ਦਿੱਤੇ ਹਨ (ਇੱਕ ਪੈਂਡਿੰਗ ਹੈ)। ਹੜ੍ਹਾਂ ਦੌਰਾਨ ਲੋਕਾਂ ਦੀ ਪੂਰੀ ਮੱਦਦ ਕੀਤੀ ਹੈ ਤੇ ਹੁਣ ਕਰੋਨਾ ਮਹਾਂਮਾਰੀ ਦੌਰਾਨ ਵੀ ਸਾਡੀਆਂ ਸੇਵਾਵਾਂ ਲਗਾਤਾਰ ਜਾਰੀ ਹਨ। ਅਨੇਕਾਂ ਅੱਖਾਂ ਦੇ ਮੁਫਤ ਲੈਂਜ ਕੈਂਪ, ਮੈਡੀਕਲ ਚੈਕਅੱਪ ਕੈਂਪ ਅਤੇ ਨਸ਼ਾ ਛੁਡਾਊ ਜਾਗਰੂਕਤਾ ਕੈਂਪ ਲਗਵਾ ਚੁੱਕੇ ਹਾਂ। ਇਸ ਤੋਂ ਇਲਾਵਾ ਵਾਤਾਵਰਣ ਪ੍ਰਤੀ ਜਾਗਰੂਕਤਾ ਪੈਦਾ ਕਰਨ ਲਈ ਅਨੇਕਾਂ ਸਾਈਕਲ ਰੈਲੀਆਂ, ਸਾਈਕਲ ਟੂਰਨਾਮੈਂਟ ਕਰਵਾ ਚੁੱਕੇ ਹਾਂ ਤੇ ਇੱਕ ਲੱਖ ਤੋਂ ਉਪਰ ਪੌਦੇ ਲਗਵਾ ਚੁੱਕੇ ਹਾਂ। ਪੰਜਾਬ ਦੇ ਧਰਤੀ ਹੇਠਲੇ ਅਤੇ ਦਰਿਆਈ ਪਾਣੀਆਂ ਨੂੰ ਬਚਾਉਣ ਲਈ ਨਰੋਆ ਪੰਜਾਬ ਮੰਚ ਦਾ ਹਿੱਸਾ ਬਣਕੇ ਆਵਾਜ ਬੁਲੰਦ ਕਰ ਚੁੱਕੇ ਹਾਂ। ਪੰਜਾਬੀ ਮਾਤ ਭਾਸ਼ਾ ਨੂੰ ਬਚਾਉਣ ਲਈ ਪੰਜਾਬੀ ਭਾਸ਼ਾ ਪਸਾਰ ਭਾਈਚਾਰੇ ਦਾ ਹਿੱਸਾ ਬਣਕੇ ਲੜਾਈ ਲੜ ਰਹੇ ਹਾਂ। ਪੰਜਾਬ ਸਰਕਾਰ ਵੱਲੋਂ 2013 ਵਿੱਚ ਵਧਾਈਆਂ ਖ਼ੂਨਦਾਨ ਟੈਸਟ ਕੀਮਤਾਂ ਦਾ ਸੰਘਰਸ਼ ਜਿੱਤ ਕੇ ਦਮ ਲਿਆ ਹੈ। ਭਾਈ ਘਨਈਆ ਕੈਂਸਰ ਰੋਕੋ ਸੇਵਾ ਸੁਸਾਇਟੀ ਫਰੀਦਕੋਟ ਨਾਲ ਰਲਕੇ ਕੈਂਸਰ ਦੀਆਂ ਦਵਾਈਆਂ ਦੀਆਂ ਕੀਮਤਾਂ 90% ਤੱਕ ਘਟਾਉਣ ਵਿੱਚ ਕਾਮਯਾਬ ਰਹੇ ਹਾਂ ਤੇ ਹੁਣ ਵੀ ਦਵਾਈਆਂ ਤੇ ਪ੍ਰਿੰਟ ਰੇਟ ਸਹੀ ਕਰਵਾਉਣ ਅਤੇ ਜੈਨਰਿਕ ਮੈਡੀਕਲ ਸਟੋਰਾਂ ਨੂੰ ਸਫਲ ਕਰਨ ਦਾ ਸੰਘਰਸ਼ ਲੜ ਰਹੇ ਹਾਂ। ਹੋਰ ਵੀ ਅਨੇਕਾਂ ਕੰਮ ਹਨ, ਜਿੰਨ੍ਹਾਂ ਨੂੰ ਲਿਖਣ ਲੱਗਿਆ ਤਾਂ ਲੇਖ ਬੜਾ ਲੰਬਾ ਹੋ ਜਾਵੇਗਾ।



ਮੈਂ ਵੀ #PPGOLDY, #Puneet ਵਾਂਗ ਇੱਕ ਸਰਕਾਰੀ ਮੁਲਾਜ਼ਮ ਹਾਂ ਤੇ ਸਿਹਤ ਵਿਭਾਗ ਦਫਤਰ ਸਿਵਲ ਸਰਜਨ ਮੋਗਾ ਵਿੱਚ ਹੈਲਥ ਸੁਪਰਵਾਈਜਰ ਦੇ ਅਹੁਦੇ ਤੇ ਤਾਇਨਾਤ ਹਾਂ। ਖ਼ੂਨਦਾਨ ਕੀਮਤਾਂ ਘਟਾਉਣ ਦੇ ਸੰਘਰਸ਼ ਵੇਲੇ ਸਿਹਤ ਮੰਤਰੀ ਨੇ ਮੈਨੂੰ ਸਸਪੈਂਡ ਕੀਤਾ ਤਾਂ ਲੋਕਾਂ ਨੇ ਇੱਕ ਵਿਸ਼ਾਲ ਏਕਤਾ ਉਸਾਰ ਕੇ ਮੈਨੂੰ ਬਹਾਲ ਕਰਵਾਇਆ। ਅਕਾਲੀ ਸਰਕਾਰ ਕਈ ਸਾਲ ਮੈਨੂੰ ਇਹ ਕਹਿ ਕੇ ਚੁੱਪ ਕਰਵਾਉਣ ਦੀ ਕੋਸ਼ਿਸ਼ ਕਰਦੀ ਰਹੀ ਕਿ ਇੱਕ ਸਰਕਾਰੀ ਮੁਲਾਜ਼ਮ ਐਨ ਜੀ ਓ ਨਹੀਂ ਚਲਾ ਸਕਦਾ ਪਰ ਮੈਂ ਹਠਧਰਮੀ ਸੀ, ਨਹੀਂ ਹਟਿਆ। ਸਰਕਾਰ ਨੇ ਆਪਣੇ ਪਿੱਠੂਆਂ ਰਾਹੀਂ ਮੇਰੇ ਖਿਲਾਫ ਸੈਂਕੜੇ ਸ਼ਿਕਾਇਤਾਂ ਕਰਵਾ ਕੇ ਮੇਰੇ ਕਈ ਇੰਕਰੀਮੈਂਟ ਨਿਗਲ ਲਏ, ਜਿਸ ਕਾਰਨ ਮੈਂ ਅੱਜ ਆਪਣੇ ਜੂਨੀਅਰ ਕਰਮਚਾਰੀਆਂ ਤੋਂ ਵੀ ਘੱਟ ਤਨਖਾਹ ਲੈ ਰਿਹਾ ਹਾਂ ਪਰ ਐਨ ਜੀ ਓ ਵਿੱਚ ਕੰਮ ਕਰਕੇ ਜੋ ਮਾਨਸਿਕ ਸੰਤੁਸ਼ਟੀ ਅਤੇ ਸੁੱਖ ਦੀ ਨੀਂਦ ਮਿਲਦੀ ਹੈ ਉਸ ਦੇ ਸਾਹਮਣੇ ਇਹ ਨੁਕਸਾਨ ਤੁੱਛ ਹਨ।

ਮੇਰੇ ਖਿਆਲ ਮੁਤਾਬਿਕ ਐਨ ਜੀ ਓ ਦਾ ਮੁੱਖ ਕੰਮ ਆਮ ਲੋਕਾਂ ਅਤੇ ਸਰਕਾਰ ਵਿਚਾਲੇ ਕੜੀ ਦਾ ਕੰਮ ਕਰਨਾ ਹੈ। ਸਰਕਾਰ ਦੀ ਜੋ ਨੀਤੀ ਲੋਕ ਵਿਰੋਧੀ ਹੈ, ਉਸ ਬਾਰੇ ਸਰਕਾਰ ਨੂੰ ਨੀਤੀ ਬਦਲਣ ਲਈ ਮਜਬੂਰ ਕਰਨਾ ਤੇ ਲੋਕ ਪੱਖੀ ਨੀਤੀਆਂ ਦਾ ਨਿਰਮਾਣ ਕਰਵਾਉਣਾ ਅਤੇ ਆਮ ਲੋਕਾਂ ਨੂੰ ਇਹਨਾਂ ਨੀਤੀਆਂ ਤੋਂ ਜਾਣੂ ਕਰਵਾਉਣਾ ਹੈ ਤਾਂ ਜੋ ਉਹ ਇਹਨਾਂ ਨੀਤੀਆਂ ਦਾ ਫਾਇਦਾ ਲੈ ਸਕਣ ਤੇ ਬੇਲੋੜੀ ਲੁੱਟ ਅਤੇ ਏਜੰਟਵਾਦ ਤੋਂ ਬਚ ਸਕਣ। ਕਈ ਐਨ ਜੀ ਓ ਸੰਸਥਾਵਾਂ ਸਰਕਾਰ ਤੋਂ ਲੋਕ ਭਲਾਈ ਦੇ ਪ੍ਰੋਜੈਕਟ ਅਤੇ ਫੰਡ ਲੈ ਕੇ ਕੰਮ ਕਰ ਰਹੀਆਂ ਹਨ, ਇਸ ਵਿੱਚ ਵੀ ਬਹੁਤ ਵੱਡਾ ਭ੍ਰਿਸ਼ਟਾਚਾਰ ਹੈ ਕਿਉਂਕਿ ਪ੍ਰੋਜੈਕਟ ਅਪਲਾਈ ਕਰਨ ਤੋਂ ਲੈ ਕੇ ਉਸਦੇ ਖਤਮ ਹੋਣ ਤੱਕ ਸਬੰਧਤ ਅਫਸਰ ਆਪਣਾ ਕਮਿਸ਼ਨ ਰੇਟ ਪਹਿਲਾਂ ਹੀ ਦੱਸ ਦਿੰਦੇ ਹਨ, ਜਿਸ ਕਾਰਨ ਉਸ ਪ੍ਰੋਜੈਕਟ ਦੇ ਅਸਲ ਮਾਇਨੇ ਖਤਮ ਹੋ ਜਾਂਦੇ ਹਨ ਤੇ ਸਾਡੀ ਸੰਸਥਾ ਨੇ ਇਸੇ ਕਰਕੇ ਅੱਜ ਤੱਕ ਕਿਸੇ ਸਰਕਾਰੀ ਪ੍ਰੋਜੈਕਟ ਤੇ ਕੰਮ ਨਹੀਂ ਕੀਤਾ ਤੇ ਸ਼ਾਇਦ ਇਸੇ ਕਰਕੇ ਸਾਡੇ ਅੰਦਰ ਅੱਜ ਵੀ ਇਹ ਹਿੰਮਤ ਬਚੀ ਹੈ ਕਿ ਜਿੱਥੇ ਸਰਕਾਰ ਗਲਤ ਹੈ, ਉਸਨੂੰ ਹਿੱਕ ਠੋਕ ਕੇ ਗਲਤ ਕਹਿੰਦੇ ਹਾਂ। ਐਨ.ਜੀ.ਓ. ਦੋ ਚਾਰ ਕੈਮਰੇ ਵਾਲਿਆਂ ਜਾਂ ਬਾਊਂਸਰਾਂ ਦੇ ਸਮੂਹ ਨੂੰ ਨਹੀਂ ਕਹਿੰਦੇ ਬਲਕਿ ਅਜਿਹੇ ਸਮੂਹ ਨੂੰ ਕਹਿੰਦੇ ਹਨ ਜੋ ਪਾਕ ਅਤੇ ਸਾਫ ਦਿਲ ਲੈ ਕੇ, ਪੱਲਿਓਂ ਪੈਸਾ ਲਗਾ ਕੇ ਪਰਿਵਾਰ ਦੇ ਸਮੇਂ ਨੂੰ ਬਰਬਾਦ ਕਰਕੇ ਲੋਕਾਂ ਦਾ ਭਲਾ ਕਰਨ ਲਈ ਘਰੋਂ ਨਿਕਲਦੇ ਹਨ। ਪਿਛਲੇ ਕੁੱਝ ਦਿਨਾਂ ਤੋਂ ਸ਼ੋਸ਼ਲ ਮੀਡੀਆ ਤੇ ਜਿਸ ਤਰ੍ਹਾਂ ਐਨ.ਜੀ.ਓ. ਸੰਸਥਾਵਾਂ ਦਾ ਮਖੌਲ ਉਡਾਇਆ ਜਾ ਰਿਹਾ ਹੈ, ਉਸ ਨਾਲ ਮੇਰੀ ਸੰਸਥਾ ਦੇ 500 ਦੇ ਕਰੀਬ ਮੈਂਬਰਾਂ ਦੇ ਮਾਨ ਸਨਮਾਨ ਨੂੰ ਸੱਟ ਜ਼ਰੂਰ ਲੱਗੀ ਹੈ। ਅਸੀਂ ਕਿਸੇ ਨੂੰ ਮਾਫੀ ਮੰਗਣ ਲਈ ਤਾਂ ਨਹੀਂ ਕਹਿ ਸਕਦੇ ਕਿਉਂਕਿ ਐਨੀ ਸਾਡੀ ਔਕਾਤ ਨਹੀਂ ਤੇ ਨਾ ਹੀ ਅਸੀਂ ਕਿਸੇ ਤੋਂ ਸਪੈਸ਼ਲ ਮਾਣ ਸਤਿਕਾਰ ਦੀ ਝਾਕ ਰੱਖਦੇ ਹਾਂ ਕਿਉਂਕਿ ਇਹ ਸਮਾਜ ਸੇਵੀ ਦੀ ਪਰਿਭਾਸ਼ਾ ਦੇ ਉਲਟ ਹੈ।

ਬੱਸ ਐਨੀ ਤਾਕੀਦ ਹੈ ਕਿ ਜੋ ਵੀ ਕੁੱਝ ਗਲਤ ਕਰ ਰਿਹਾ ਹੈ ਉਸ ਨੂੰ ਐਨ.ਜੀ.ਓ. ਕਹਿਕੇ ਸਾਨੂੰ ਬਦਨਾਮ ਨਾ ਕੀਤਾ ਜਾਵੇ, ਉਸਨੂੰ ਸਿਰਫ ਉਸਦੇ ਨਾਮ ਨਾਲ ਹੀ ਜਾਣਿਆ ਜਾਵੇ।

ਧੰਨਵਾਦੀ ਹੋਵਾਂਗੇ।

**ਮਹਿੰਦਰ ਪਾਲ ਲੂੰਬਾ**
**(ਚੇਅਰਮੈਨ ਰੂਰਲ ਐਨ ਜੀ ਓ ਕਲੱਬਜ ਐਸੋਸੀਏਸ਼ਨ ਮੋਗਾ )**
**94172-30506**

## ਰਾਮ ਮੰਦਰ ਦੇ ਭੂਮੀ ਪੂਜਣ ਸਬੰਧੀ ਬੁਲਾਵੇ ਤੇ ਗਿਆਨੀ ਹਰਪ੍ਰੀਤ ਸਿੰਘ ਜੀ ਦਾ ਫੈਸਲਾ ਸ਼ਲਾਘਾਯੋਗ



ਰਾਮ ਮੰਦਰ ਦੇ ਭੂਮੀ ਪੂਜਣ ਸਬੰਧੀ ਜਦੋਂ ਸ਼੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਗਿਆਨੀ ਹਰਪੀਤ ਸਿੰਘ ਜੀ ਨੂੰ ਸੱਦਾ ਪੱਤਰ ਆਇਆ ਤਾਂ ਉਨ੍ਹਾਂ ਨੇ ਜੋ ਫੈਸਲਾ ਲਿਆ। ਉਹ ਬੁਹਤ ਹੀ ਕਾਬਲੇ ਤਾਰੀਫ ਹੈ। ਉਨ੍ਹਾਂ ਕਿਹਾ ਕਿ ਸਾਨੂੰ ਮੰਦਰ ਬਣਾਉਣ ਤੇ ਕੋਈ ਇਤਰਾਜ ਨਹੀ ਹੈ ਪਰ ਕਿਸੇ ਹੋਰ ਧਾਰਮਿਕ ਅਸਥਾਨ ਨੂੰ ਤੋੜਕੇ ਉਸਦੀ ਥਾਂ ਮੰਦਰ ਬਣਾਉਣ ਤੇ ਇਤਰਾਜ ਹੈ। ਕਿਸੇ ਇੱਕ ਦੀਆਂ ਭਾਵਨਾਵਾਂ ਨੂੰ ਠੇਸ ਪੁਹੰਚਾ ਕੇ ਦੂਜੇ ਦੀਆਂ ਭਾਵਨਾਵਾਂ ਤੇ ਫੁੱਲ ਚੜ੍ਹਾਉਣ ਦੇ ਹੱਕ ਅਸੀਂ ਨਹੀ ਹਾਂ।

ਗਿਆਨੀ ਹਰਪੀਤ ਸਿੰਘ ਜੀ ਇੱਕ ਬੁਹਤ ਹੀ ਪੜ੍ਹੇ ਲਿਖੇ ਤੇ ਵਿਦਵਾਨ ਇਨਸਾਨ ਹਨ ਜੋ ਕਿ ਅੱਜ ਤੱਕ ਦੇ ਜਥੇਦਾਰਾਂ 'ਚੋਂ ਸਭ ਤੋਂ ਵੱਧ ਕਾਬਲ, ਦਲੇਰ ਤੇ ਖੁਦ ਦੇ ਫੈਸਲੇ ਲੈਣ ਲਈ ਮੰਨੇ ਜਾਂਦੇ ਹਨ। ਉਨ੍ਹਾਂ ਦੇ ਕਈ ਫੈਸਲਿਆਂ ਤੇ ਬਾਦਲ ਕੇ ਅਕਸਰ ਨਰਾਜ ਹੋ ਜਾਂਦੇ ਹਨ ਕਿਉਂਕਿ ਉਹ ਅਕਸਰ ਫੈਸਲੇ ਆਪਣੇ ਮੁਤਾਬਿਕ ਲੈਂਦੇ ਹਨ।

ਉਨ੍ਹਾਂ ਕਿਹਾ ਕਿ ਹਿਦੂ ਸਮਾਜ ਨੂੰ ਮੰਦਰ ਬਣਾਉਣ ਲਈ 500 ਸਾਲ ਕਿਉਂ ਲੱਗ ਗਏ ਹਨ? ਭਾਈ ਹਰਪੀਤ ਸਿੰਘ ਜੀ ਨੇ ਕਿਹਾ ਕਿ ਹਿਦੂ ਆਖਦੇ ਹਨ ਕਿ 500 ਸਾਲ ਪਹਿਲਾਂ ਬਾਬਰ ਦੇ ਕਿਸੇ ਜਰਨੈਲ ਨੇ ਮੰਦਰ ਤੋੜ ਕੇ ਬਾਬਰੀ ਮਸਜਿੱਦ ਬਣਾਈ ਸੀ। ਗਿਆਨੀ ਜੀ ਨੇ ਕਿਹਾ ਕਿ ਮੈਂ ਇਸ ਗੱਲ ਨਾਲ ਸਹਿਮਤੀ ਨਹੀਂ ਪ੍ਰਗਟਾਉਂਦਾ ਪਰ ਇਹ ਸਭ ਹਿਦੂ ਸਮਾਜ ਆਖਦਾ ਹੈ।

ਗਿਆਨੀ ਜੀ ਨੇ ਕਿਹਾ ਕਿ ਇਸ ਸਬੰਧੀ ਫੈਸਲਾ ਸੁਣਾਉਂਦੇ ਸੁਪਰੀਮ ਕੋਰਟ ਨੇ ਵੀ ਕਿਹਾ ਹੈ ਕਿ ਇਸ ਸਬੰਧੀ ਕੋਈ ਪੱਕਾ ਕਹਿਣਾ ਮੁਸ਼ਕਿਲ ਹੈ ਕਿ ਮੰਦਰ ਨੂੰ ਤੋੜ ਕੇ ਇੱਥੇ ਮਸਜਿਦ ਬਣਾਈ ਗਈ ਹੋਵੇਗੀ। ਇਸ ਤੇ ਉਨ੍ਹਾਂ ਨੇ ਦਲੀਲ ਦਿੰਦੇ ਕਿਹਾ ਕਿ ਜੇਕਰ ਐਸਾ ਹੋਇਆ ਵੀ ਹੈ ਤਾਂ ਫਿਰ ਮੰਦਰ ਬਣਾਉਣ ਲਈ 500 ਸਾਲ ਕਿਵੇਂ ਲੱਗ ਗਏ? ਉਨ੍ਹਾਂ ਕਿਹਾ ਕਿ ਇਸ ਤਰ੍ਹਾਂ ਤਾਂ ਹੋ ਸਕਦਾ ਹੈ ਜੇਕਰ ਸਾਡੇ 'ਚ ਪਾਵਰ ਨਾ ਹੋਵੇ ਜਾਂ ਧਰਮ 'ਚ ਸਾਡੀ ਸ਼ਰਧਾ ਨਾ ਹੋਵੇ।

ਕੁੱਝ ਵੀ ਹੋਵੇ ਗਿਆਨੀ ਹਰਪ੍ਰੀਤ ਸਿੰਘ ਜੀ ਦੇ ਇਸ ਫੈਸਲੇ ਤੇ ਆਰ.ਐਸ.ਐਸ. ਤੇ ਭਾਜਪਾ ਨੂੰ ਤਾਂ ਦੁੱਖ ਪਹੁੰਚਿਆ ਹੀ ਹੋਵੇਗਾ ਪਰ ਇੱਕ ਵੱਡਾ ਸਦਮਾ ਬਾਦਲਕਿਆਂ ਨੂੰ ਵੀ ਲੱਗਿਆ ਹੈ। ਜਿਸ ਦਾ ਸਿੱਟਾ ਭਵਿੱਖ ਵਿੱਚ ਗਿਆਨੀ ਹਰਪ੍ਰੀਤ ਸਿੰਘ ਜੀ ਹੋਰਾਂ ਨੂੰ ਵੀ ਭੁਗਤਣਾ ਪੈ ਸਕਦਾ ਹੈ ਕਿਉਂਕਿ ਜੋ ਜਥੇਦਾਰ ਇਨਾਂ ਮੁਤਾਬਿਕ ਨਹੀ ਚੱਲਦੇ। ਉਨ੍ਹਾਂ ਨੂੰ ਇਸ ਦਾ ਖਮਿਆਜਾ ਭੁਗਤਣਾ ਹੀ ਪੈਂਦਾ ਹੈ। ਪਰ ਹਾਲ ਦੀ ਘੜੀ ਸਿੱਖ ਜਗਤ 'ਚ ਜਥੇਦਾਰ ਸਾਹਿਬ ਦੇ ਬਿਆਨ ਦੀ ਹਰ ਪਾਸਿਉ ਭਰਭੂਰ ਸ਼ਲਾਘਾ ਹੋ ਰਹੀ ਹੈ।

- ਮਨਜੀਤ ਸਿੰਘ ਸਰਾਂ !
ਉਨਟਾਰੀਉ (ਕੈਨੇਡਾ)


Chief Editor:
Bhawandeep Singh Purba
...ਪਲ ਪਲ ਦੀ ਤਾਜਾ ਖ਼ਬਰ ਲਈ
ਦਿਲਚਸਪ ਅਤੇ ਗਿਆਨ ਭਰਪੂਰ ਸਮੱਗਰੀ ਲਈ
ਮਹਿਕ ਵਤਨ ਦੀ
'Mehak Watan Di Live' ਲਾਈਵ
ਕਲਿੱਕ ਕਰੋ: www.mehakwatandilive.com

# ਡਾ. ਅੰਬੇਡਕਰ ਨਾਲ ਸਿੱਖ ਮਤ ਗ ਹਿਣ ਕਰਨ ਆਏ 6 ਕਰੋੜ ਦਲਿਤਾਂ ਨੂੰ ਪੰਥਕ ਆਗੂ ਨਾ ਧਿਰਕਾਰਦੇ ਤਾਂ ਅੱਜ ਸਿੱਖ ਕੌਮ ਬੁਹਗਿਣਤੀਆਂ 'ਚ ਸ਼ਾਮਲ ਹੁੰਦੀ

ਲਉ ਜੀ ਦੂਰ ਅੰਦੇਸੀ ਸੋਚ ਨੇਪਰੇ ਚੜ ਜਾਦੀ ਤਾਂ ਸਿੱਖ ਸਮਾਜ ਨੇ ਆਪਣੀ ਬਹੁਲਤਾ ਦੇ ਸਿਰ ਤੇ ਕੇਂਦਰ ਅਤੇ ਪੰਜਾਬ ਵਰਗੇ ਸੂਬੇ ਚ ਸਰਕਾਰਾਂ ਬਣਾਉਣ 'ਚ ਸੰਪੂਰਨ ਸਮਰੱਥਾ ਹਾਸਲ ਕਰ ਲੈਣੀ ਸੀ। ਪਰ ਹੁਣ ਸਮੁੱਚੇ ਦੇਸ਼ ਦੀ ਅਜਾਦੀ ਲਈ ਸਭ ਤੋਂ ਵੱਧ ਕੁਰਬਾਨੀਆਂ ਦੇਣ ਵਾਲੀ ਅਤੇ ਖੇਤੀ ਪੈਦਾਵਾਰ 'ਚ ਵੀ ਅੰਨ ਨਾਲ ਪੂਰੇ ਦੇਸ਼ ਦਾ ਢਿੱਡ ਭਰਨ ਦੇ ਬਾਵਜੂਦ ਵੀ ਸਿੱਖ ਕੌਮ ਦੀਆਂ ਹੱਕੀ ਤੇ ਜਾਇਜ ਮੰਗਾਂ ਦੀ ਵੀ ਕੇਂਦਰ ਸਰਕਾਰਾਂ ਵੱਲੋ ਅਣਦੇਖੀ ਕਰਨ ਦਾ ਸਭ ਤੋਂ ਵੱਡਾ ਕਾਰਨ ਪੂਰੇ ਭਾਰਤ 'ਚ ਸਿੱਖਾਂ ਦਾ ਸਿਰਫ 2 ਪ੍ਰਤੀਸ਼ਤ ਹੋਣਾ ਵੀ ਹੈ।

ਸਾਡੀ ਸਿੱਖ ਕੌਮ ਦੇ ਪੰਥਕ, ਸਿਆਸੀ, ਸਮਾਜਿਕ ਆਗੂਆਂ ਵੱਲੋ ਵਾਰ ਵਾਰ ਵੱਡੀਆਂ ਕੁਤਾਹੀਆਂ ਕਾਰਨ ਸਮੁੱਚੀ ਸਿੱਖ ਕੌਮ ਨੂੰ ਬਹੁਤ ਵੱਡੇ ਖੁਮਿਆਜੇ ਭੁਗਤਣੇ ਪਏ ਹਨ। ਪੂਰੇ ਭਾਰਤ 'ਚ ਸਿਰਫ 2 ਪ੍ਰਤੀਸ਼ਤ ਦੇ ਅੰਕੜੇ ਵਾਲੀ ਸਿੱਖ ਕੌਮ ਜੇਕਰ ਅਜੇ ਵੀ ਬੁਹਗਿਣਤੀ ਵਾਲੇ ਦਲਿਤ ਸਿਖ ਸਮਾਜ ਨੂੰ ਜਾਤ ਪਾਤ ਉਚ ਨੀਚ ਭੇਦਭਾਵ ਵਾਲੇ ਨਜ਼ਰੀਏ ਨਾਲ ਪਾਸੇ ਕਰਦੀ ਰਹੀ ਅਤੇ ਦਲਿਤ ਸਿੱਖ ਸਮਾਜ ਨੂੰ ਆਪਣੇ ਗੁਰੂ ਘਰ ਆਪਣੇ ਨਗਰ ਕੀਰਤਨ, ਆਪਣੇ ਸ਼ਮਸ਼ਾਨ ਘਾਟ ਤਕ ਵੀ ਅਲੱਗ ਬਣਾਉਣ ਲਈ ਮਜਬੂਰ ਕਰਦੀ ਰਹੀ ਤਾਂ ਇਹ ਦਲਿਤ ਸਿਖ ਭਾਈਚਾਰਾ ਦਾ ਵੱਡਾ ਹਿਸਾ ਸਿਖੀ ਨੂੰ ਸਦਾ ਲਈ ਛੱਡਕੇ ਬਾਬਾ ਸਹਿਬ ਵਾਂਗ ਕਿਸੇ ਹੋਰ ਧਰਮ ਦਾ ਪੱਲਾ ਫੜ ਲਵੇਗਾ ਜਿਸ ਨਾਲ ਪਹਿਲਾਂ ਤੋਂ ਹੀ ਘੱਟ ਗਿਣਤੀ ਦੀ ਮਾਰ ਝੱਲ ਰਹੀ ਸਿੱਖ ਕੌਮ ਨੂੰ ਆਉਣ ਵਾਲੇ ਸਮੇ 'ਚ ਹੋਰ ਵੀ ਵੱਡੀਆਂ ਤਰਾਸਦੀਆਂ ਦਾ ਸਾਹਮਣਾ ਕਰਨਾ ਪਵੇਗਾ ਜਿਸ ਨਾਲ ਨਾ ਮੁਕਣ ਵਾਲਾ ਦੁਖਾਂਤ ਸਿਖ ਕੌਮ ਦੇ ਗਲ ਪੈ ਜਾਵੇਗਾ।

ਹੁਣ ਵੇਖਣਾ ਇਹ ਹੋਵੇਗਾ ਕਿ ਸਿਖ ਕੌਮ ਦੇ ਪੰਥਕ ਅਹੁਦੇਦਾਰ ਤੇ ਆਗੂ ਵਰਗ ਕਦੋ ਤਕ ਸਿਖ ਕੌਮ ਦੀ ਦਿਨੋ ਦਿਨ ਕਮਜ਼ੋਰ ਹੋ ਰਹੀ ਅਤੇ ਅੰਦਰੋ ਅੰਦਰ ਘੁਣ ਵਾਂਗ ਖਾਦੀ ਜਾ ਰਹੀ ਅੰਦਰੂਨੀ ਸ਼ਕਤੀ ਨੂੰ ਕਦੋ ਤਕ ਭਾਂਪਣ ਚ ਸਮਰੱਥ ਹੁੰਦਾ ਹੈ। ਜੇਕਰ ਐਸ.ਜੀ.ਪੀ.ਸੀ. ਅਤੇ ਸਿਖ ਜਗਤ ਦੇ ਵਾਹਿਦ ਪੰਥਕ, ਸਿਆਸੀ, ਸਮਾਜਿਕ ਅਹੁਦੇਦਾਰ ਤੇ ਆਗੂ ਸਿਖੀ ਤੇ ਸਿਖ ਕੌਮ ਨੂੰ ਅੰਦਰੂਨੀ ਮਜਬੂਤੀ ਦੇਣ ਦੀ ਬਜਾਏ ਆਪਣੀਆਂ ਲੰਬੜਦਾਰੀਆਂ, ਕੁਰਸੀਆਂ ਤੇ ਪਦਵੀਆਂ ਬਚਾਉਣ ਦੇ ਰਾਹ ਤੇ ਹੀ ਚਲਦੇ ਰਹੇ ਤਾਂ ਇਨਾਂ ਦੀਆਂ ਗੁਸਤਾਖੀਆਂ, ਬੇਸਮਝੀਆਂ ਦਾ ਖਮਿਆਜਾ ਸਮੁੱਚੇ ਸਿਖ ਜਗਤ ਨੂੰ ਪਹਿਲਾਂ ਵਾਂਗ ਜਲੀਲਤਾ ਤੇ ਜਲਾਲਤ ਦੇ ਰੂਪ 'ਚ ਭੁਗਤਣਾ ਪਵੇਗਾ।



-ਇਕਬਾਲ ਸਿੰਘ ਕਲਿਆਣ,
ਸ਼ਹੀਦ ਭਗਤ ਸਿੰਘ ਨਗਰ ਮੋਗਾ
ਮੋ. 98559-64415